## ਨਿਊ ਇੰਡੀਆ ਗ੍ਰਹਿ ਸੁਵਿਧਾ ਪਾਲਸੀ

## ਵਿਵਰਣ ਅਤੇ ਸਹਿ ਪਰਸਤਾਵ ਪੱਤਰ ਅਤੇ ਪ੍ਰੀਮੀਅਮ ਅਨੁਸੂਚੀ

ਇਹ ਪਾਲਸੀ ਮੌਜੂਦਾ ਗ੍ਰਹਿ ਸਵਾਮੀ ਪਾਲਸੀ ਦਾ ਸੰਖੇਪ ਰੂਪ ਹੈ। ਇਸਦੇ ਚਾਰ ਵਿਸ਼ੇਸ਼ ਵਿਕਲਪ ਹਨ ਅਤੇ ਹਰੇਕ ਵਿਕਲਪ ਦੇ ਪੰਜ ਖੰਡ ਹਨ। ਇਸਦਾ ਮੁੱਖ ਉਦੇਸ਼ ਔਸਤ ਗ੍ਰਹਿ ਸਵਾਮੀਆਂ ਦੀਆਂ ਘਰੇਲੂ ਵਸਤੂਆਂ ਨੂੰ "ਫਸਟ ਲਾਸ ਬੇਸਿਸ" ਦੇ ਆਧਾਰ ਤੇ ਜੋਖਿਮ ਪ੍ਰਤੀ ਸੁਰੱਖਿਆ ਪ੍ਰਦਾਨ ਕਰਨਾ ਹੈ।ਪਾਲਸੀ ਦੀ ਮੁੱਖ ਵਿਸ਼ੇਸ਼ਤਾ ਇਸਦੀ ਸਰਲਤਾ ਅਤੇ ਗਾਹਕਾਂ ਨੂੰ ਘਰੇਲੂ ਵਸਤੂਆਂ ਦੇ ਵਿਵਰਣ ਅਤੇ ਵਰਣਨ ਪ੍ਰਦਾਨ ਕਰਨ ਵਿੱਚ ਸੁਵਿਧਾ ਦੇ ਨਾਲ ਨਾਲ ਦਾਅਵਾ ਪ੍ਰਸ਼ਾਸਨ ਦੀ ਸਰਲ ਅਤੇ ਪਰੇਸ਼ਾਨੀ ਰਹਿਤ ਪ੍ਰਕ੍ਰਿਆ ਹੈ। ਪਾਲਸੀ ਵਿੱਚ ਇੱਕ ਵਿਕਲਪਿਕ ਖੰਡ -VI ਵੀ ਹੈ, ਜਿਸਦੇ ਅਧੀਨ ਪੂਰਣ ਬੀਮਾ ਰਾਸ਼ੀ ਆਧਾਰ ਤੇ ਆਵਾਸ ਪਰਿਸਰ ਨੂੰ ਜੋਖਿਮ ਪ੍ਰਤੀ ਸੁੱਖਿਆ ਪ੍ਰਦਾਨ ਕੀਤੀ ਜਾ ਸਕਦੀ ਹੈ।

ਇਹ ਪਾਲਸੀ ਭਾਰਤ ਵਿੱਚ ਰਹਿਣ ਵਾਲੇ ਕਿਸੇ ਵੀ ਵਿਅਕਤੀ ਦੇ ਨਾਲ ਨਾਲ ਵਿਦੇਸ਼ੀ ਵਿਅਕਤੀ ਨੂੰ ਵੀ ਪ੍ਰਦਾਨ ਕੀਤੀ ਜਾ ਸਕਦੀ ਹੈ, ਸ਼ਰਤ ਇਹ ਹੈ ਕਿ ਬੀਮਾ ਦੇ ਲਈ ਪ੍ਰਸਤਾਵਿਤ ਘਰੇਲੂ ਵਸਤੂਆਂ ਭਾਰਤੀ ਖੇਤਰ ਦੇ ਅੰਦਰ ਸਥਿਤ ਹੋਣ।ਦਾਅਵੇ ਦਾ ਨਿਪਟਾਰਾ ਕੇਵਲ ਭਾਰਤੀ ਮੁਦਰਾ/ਕਰੰਸੀ ਵਿੱਚ ਹੀ ਕੀਤਾ ਜਾਵੇਗਾ।

## ਪਾਲਸੀ ਦੇ ਅਧੀਨ ਖੰਡ

ਖੰਡ-I : ਭੂਚਾਲ ਅਤੇ ਅੱਤਵਾਦ ਸਹਿਤ ਅੱਗ ਅਤੇ ਸੰਬੰਧਿਤ ਆਪਦਾਵਾਂ ਦੇ ਪ੍ਰਤੀ ਘਰੇਲੂ ਵਸਤੂਆਂ (ਇਸ ਵਿੱਚ ਗਹਿਣੇ ਅਤੇ ਕੀਮਤੀ ਵਸਤੂਆਂ ਸ਼ਾਮਿਲ ਨਹੀਂ ਹਨ) ਦਾ "ਫਸਟ ਲਾਸ ਦੇ ਆਧਾਰ ਤੇ" ਬੀਮਾ ਕਰਨਾ।

ਇਸ ਖੰਡ ਦੇ ਅਧੀਨ ਅਨੁਸੂਚੀ ਵਿੱਚ ਦਰਸਾਏ ਅਨੁਸਾਰ ਪਰਿਸਰ ਵਿੱਚ ਰੱਖੀ ਗਈ ਅਤੇ ਸੰਸਥਾਪਿਤ ਘਰੇਲੂ ਵਸਤੂਆਂ ਨੂੰ ਅੱਗ ਅਤੇ ਸੰਬੰਧਿਤ ਆਪਦਾਵਾਂ ਜਿੰਨਾ ਵਿੱਚ ਭੂਚਾਲ ਵੀ ਸ਼ਾਮਿਲ ਹੈ, ਦੇ ਵਿੱਰੁੱਧ ਜੋਖਿਮ ਪ੍ਰਤੀ ਸੁਰੱਖਿਆ ਪ੍ਰਦਾਨ ਕੀਤੀ ਜਾਂਦੀ ਹੈ।ਮੋਟੇ ਤੌਰ ਤੇ ਇਹ ਖੰਡ ਫਰਨੀਚਰ, ਫਿਕਸਚਰਜ, ਫਿਟਿੰਗ, ਘਰੇਲੂ ਸਮੱਗਰੀ, ਕੱਪੜੇ, ਪੋਸ਼ਾਕ ਅਤੇ ਘਰੇਲੂ ਉਪਕਰਣਾਂ ਦੇ ਲਈ ਹਨ।ਬੀਮਾ ਧਾਰਕ ਨੂੰ ਬੀਮਾ ਕੀਤੀਆਂ ਜਾਣ ਵਾਲੀਆ ਵਸਤੂਆਂ ਦੀ ਵੇਰਵੇ ਸਹਿਤ ਸੂਚੀ ਪੇਸ਼ ਕਰਨ ਦੀ ਜਰੂਰਤ ਨਹੀਂ ਹੁੰਦੀ ਹੈ।

ਇਸ ਖੰਡ ਅਧੀਨ ਨਿਮਨਲਿਖਿਤ ਦੇ ਅਧੀਨ ਦਾਅਵੇ ਦਾ ਭੁਗਤਾਨ ਨਹੀਂ ਮਿਲਦਾ:-

(ੳ) ਉਪਭੋਗ ਜਾਂ ਖਪਤਯੋਗ ਵਸਤੂਆਂ ਦੀ ਹਾਨੀ ਅਤੇ ਨੁਕਸਾਨ।

(ਅ) ਧਨ, ਪ੍ਰਤੀਭੂਤੀ, ਸਟੈਂਪ, ਬਹੁ-ਕੀਮਤੀ ਧਾਤ, ਪਸ਼ੂ ਧਨ, ਮੋਟਰ ਵਾਹਨ ਅਤੇ ਪੈਡਲ ਸਾਇਕਲ ਨੂੰ ਹੋਇਆ ਹਾਨੀ ਅਤੇ ਨੁਕਸਾਨ।

(ੲ) ਡੀਡ (ਭਾਈਵਾਲੀ ਦਾ ਸਮਝੌਤਾ ਪੱਤਰ), ਬਾਂਡ, ਬਿੱਲ ਆਫ ਐਕਸਚੇਂਜ, ਪ੍ਰੋਮਿਸਰੀ (ਵਾਅਦਾ ਪੱਤਰ) ਨੋਟ, ਸ਼ੇਅਰ ਅਤੇ ਸਟਾਕ ਪ੍ਰਮਾਣ ਪੱਤਰ, ਬਿਜਨੇਸ ਬੁੱਕਸ, ਪਾਂਡੂਲਿੱਪੀ, ਕਿਸੇ ਵੀ ਪ੍ਰਕਾਰ ਦੇ ਦਸਤਾਵੇਜ਼, ਅਨਸੈੱਟ ਕੀਮਤੀ ਪੱਥਰ ਅਤੇ ਗਹਿਣੇ ਅਤੇ ਕੀਮਤੀ ਸਮਾਨ ਨੂੰ ਹੋਇਆ ਨੁਕਸਾਨ ਜਾਂ ਹਾਨੀ ਜਿਸਨੂੰ ਪਾਲਸੀ ਲੈਣ ਸਮੇਂ ਵਿਸ਼ੇਸ਼ ਰੂਪ ਨਾਲ ਘੋਸ਼ਿਤ ਨਾ ਕੀਤਾ ਗਿਆ ਹੋਵੇ ਜਾਂ ਜੋਖਿਮ ਪ੍ਰਤੀ ਸੁੱਰਖਿਆ ਪ੍ਰਦਾਨ ਨਾ ਕੀਤੀ ਗਈ ਹੋਵੇ।

ਇਸ ਖੰਡ ਦੇ ਅਧੀਨ ਅਕਸੈਸ : ਬੀਮਾ ਰਾਸ਼ੀ ਦਾ 1% ਅਤੇ ਰੁਪਏ 1000/- ਨਾਲੋਂ ਘੱਟ ਦੀ ਵਸਤੂ ਨੂੰ ਜੋਖਿਮ ਪ੍ਰਤੀ ਸੁਰੱਖਿਆ ਪ੍ਰਦਾਨ ਨਹੀਂ ਕੀਤੀ ਜਾਵੇਗੀ।

ਖੰਡ:- II : ਸੰਧ ਮਾਰੀ ਅਤੇ ਘਰ ਨੂੰ ਪਾੜ ਲਾਉਣ ਦੀ ਹਾਲਤ ਵਿ1ਚ ਜੋਖਿਮ ਪ੍ਰਤੀ ਸੁੱਰਖਿਅਤ ਵਸਤੂਆਂ (ਗਹਿਣਿਆਂ ਨੂੰ ਛੱਡ ਕੇ)

ਇਸ ਖੰਡ ਦੇ ਅਧੀਨ ਬੀਮਾ ਰਾਸ਼ੀ ਖੰਡ I ਦੇ ਅਨੁਸਾਰ ਹੀ ਹੈ।ਇਸ ਖੰਡ ਦੇ ਅਧੀਨ ਵੀ ਬੀਮਾਧਾਰਕ ਨੂੰ ਬੀਮਾ ਕੀਤੀਆਂ ਜਾਣ ਵਾਲੀਆਂ ਵਸਤੂਆਂ ਦੀ ਵੇਰਵੇ ਸਹਿਤ ਸੂਚੀ ਦੇਣ ਦੀ ਜਰੂਰਤ ਨਹੀਂ ਹੁੰਦੀ।ਇਹ ਖੰਡ ਵੀ ਮੋਟੇ ਤੌਰ ਤੇ ਫਰਨੀਚਰ , ਫਿਕਸਚਰਜ਼, ਫਿਟਿੰਗ, ਘਰੇਲੂ ਸਮੱਗਰੀ, ਕੱਪੜੇ, ਪੋਸ਼ਾਕ ਅਤੇ ਘਰੇਲੂ ਉਪਕਰਣਾਂ ਲਈ ਹਨ।

ਇਸ ਖੰਡ ਅਧੀਨ ਨਿਮਨਲਿਖਿਤ ਦੇ ਅਧੀਨ ਦਾਅਵੇ ਦਾ ਭੁਗਤਾਨ ਨਹੀਂ ਮਿਲਦਾ:-

(ੳ) ਸੇਂਧਮਾਰੀ, ਘਰ ਨੂੰ ਪਾੜ ਲਾਉਣ ਕਾਰਣ ਜਾਂ ਚੋਰੀ ਕਾਰਣ ਹੋਇਆ ਨੁਕਸਾਨ ਜਾਂ ਹਾਨੀ ਜਿਸ ਵਿੱਚ ਤੁਹਾਡੇ ਪਰਿਵਾਰ ਦਾ ਕੋਈ ਮੈਂਬਰ ਮੁੱਖ ਰੂਪ ਨਾਲ ਜਾਂ ਸਹਾਇਕ ਦੇ ਰੂਪ ਵਜੋਂ ਸ਼ਾਮਿਲ ਹੋਵੇ।

(ਅ) ਪਸ਼ੂ ਧਨ, ਮੋਟਰ ਵਾਹਨ ਅਤੇ ਪੈਡਲ ਸਾਇਕਲ ਦੀ ਹਾਨੀ ਅਤੇ ਨੁਕਸਾਨ।

(ੲ) ਧਨ, ਧਨ ਹਿੱਤ ਪ੍ਰਤੀਭੂਤੀ, ਸਟੇਂਪ, ਬਹੁ-ਕੀਮਤੀ ਧਾਤ, ਬਾਂਡ, ਬਿੱਲ ਆਫ ਐਕਸਚੇਂਜ, ਪ੍ਰੋਮਿਸਰੀ (ਵਾਅਦਾ ਪੱਤਰ) ਨੋਟ, ਸ਼ੇਅਰ ਅਤੇ ਸਟਾਕ ਪ੍ਰਮਾਣ ਪੱਤਰ, ਬਿਜਨੇਸ ਬੁੱਕਸ, ਪਾਂਡੂਲਿੱਪੀ, ਕਿਸੇ ਵੀ ਪ੍ਰਕਾਰ ਦੇ ਦਸਤਾਵੇਜ਼, ਅਨਸੈੱਟ ਕੀਮਤੀ ਪੱਥਰ ਅਤੇ ਗਹਿਣੇ ਅਤੇ ਕੀਮਤੀ ਸਮਾਨ ਨੂੰ ਹੋਇਆ ਨੁਕਸਾਨ ਜਾਂ ਹਾਨੀ ਜਿਸਨੂੰ ਪਾਲਸੀ ਲੈਣ ਸਮੇਂ ਵਿਸ਼ੇਸ਼ ਰੂਪ ਨਾਲ ਘੋਸ਼ਿਤ ਨਾ ਕੀਤਾ ਗਿਆ ਹੋਵੇ।

ਖੰਡ- III: ਗਹਿਣੇ ਅਤੇ ਕੀਮਤੀ ਵਸਤੂਆਂ:

ਇਹ ਖੰਡ ਪਾਏ ਜਾਣ ਵਾਲੇ ਅਤੇ ਪਰਸਿਰ ਵਿੱਚ ਰੱਖੇ ਗਏ ਗਹਿਣੇ ਅਤੇ ਕੀਮਤੀ ਵਸਤੂਆਂ ਦੀ ਆਂਫਤਾਂ ਜਿਸ ਵਿੱਚ ਭੂਚਾਲ, ਸੇਂਧਮਾਰੀ, ਘਰ ਨੂੰ ਪਾੜ ਲਾਉਣ ਅਤੇ ਚੋਰੀ ਸਹਿਤ ਅੱਗ ਅਤੇ ਸੰਬੰਧਿਤ ਆਫਤਾਂ ਅਤੇ ਅਜਿਹੀ ਕੋਈ ਅਚਨਚੇਤ ਦੁਰਘਟਨਾ ਅਤੇ ਆਫਤ ਸ਼ਾਮਿਲ ਹੈ, ਪਰ ਇਹਨਾਂ ਤੱਕ ਹੀ ਸੀਮਤ ਨਹੀਂ ਹੈ।ਬੀਮਾ ਧਾਰਕ ਜਾਂ ਬੀਮਾ ਧਾਰਕ ਦੇ ਨਾਲ ਸਥਾਈ ਰੂਪ ਨਾਲ ਰਹਿਣ ਵਾਲੇ ਉਸਦੇ ਪਰਿਵਾਰ ਦੇ ਨਜਦੀਕੀ ਮੈਂਬਰਾਂ ਦੁਆਰਾ ਧਾਰਣ ਕੀਤੇ ਜਾਣ ਦੇ ਦੌਰਾਨ ਉੱਤਪੰਨ ਹੋਣ ਵਾਲੀਆਂ ਆਫਤਾਂ ਨੂੰ ਵੀ ਪਾਲਸੀ ਸੁੱਰਖਿਆ ਪ੍ਰਦਾਨ ਕਰੇਗੀ। ਜੋਖਿਮ ਪ੍ਰਤੀ ਸੁਰੱਖਿਆ ਪ੍ਰਦਾਨ ਕੀਤੇ ਜਾਣ ਵਾਲੀਆਂ ਵਸਤੂਆਂ ਦੇ ਆਧਾਰ ਤੇ ਗਾਹਕ ਦੁਆਰਾ ਅਨੁਰੂਪ ਵਿਕਲਪ ਦੀ ਚੋਣ ਕੀਤੀ ਜਾਣੀ ਚਾਹੀਦੀ ਹੈ। ਕੇਵਲ ਉਹਨਾਂ ਵਸਤੂਆਂ ਦਾ ਸਰਲ ਸ਼ਬਦਾਂ ਵਿੱਚ ਵਰਣਨ ਕੀਤਾ ਜਾਵੇ , ਜਿੰਨਾਂ ਦਾ ਮੁੱਲ ਇਸ ਖੰਡ ਦੀ ਬੀਮਾ ਰਾਸ਼ੀ ਦੇ 10% ਤੋਂ ਵਧੇਰੇ ਹੋਵੇ।ਇਸ ਖੰਡ ਦੇ ਅਧੀਨ ਅਜਿਹੀਆਂ ਵੱਧ ਤੋਂ ਵੱਧ 5 ਵਸਤੂਆਂ ਦੀ ਚੋਣ ਜਾ ਸਕਦੀ ਹੈ।

ਇਸ ਖੰਡ ਦੇ ਅਧੀਨ ਨਿਮਨਲਿਖਿਤ ਦੇ ਸੰਬੰਧ ਵਿੱਚ ਬੀਮੇ ਦਾ ਭੁਗਤਾਨ ਨਹੀਂ ਮਿਲਦਾ:-

(ੳ) ਉਪਕਰਣ ਦੇ ਭਾਗ ਦੇ ਰੂਪ ਵਿੱਚ ਜਾਂ ਲੈਨਜ਼ ਜਾਂ ਕੱਚ ਦੇ ਤਿੜਕਣ, ਝਰੀਟ ਲੱਗਣ ਜਾਂ ਟੁੱਟ ਫੁੱਟ ਜਾਂ ਚਾਈਨਾ ਮਾਰਬਲ, ਗਰਾਮੋਫੋਨ, ਰਿਕਾਰਡ ਅਤੇ ਹੋਰ ਨਾਜੁਕ ਅਤੇ ਟੁੱਟਣ -ਫੁੱਟਣ ਵਾਲੀ ਸਮੱਗਰੀ ਤੋਂ ਉਤਪੰਨ ਹਾਨੀ ਜਾਂ ਨੁਕਸਾਨ।

(ਅ) ਰਹੱਸਮਈ ਤਰੀਕੇ ਨਾਲ ਗੁੰਮ ਹੋ ਜਾਣਾ, ਹਾਨੀਆਂ ਜਿੰਨਾਂ ਨੂੰ ਸਪੱਸ਼ਟ ਨਾ ਕੀਤਾ ਜਾ ਸਕੇ, ਗੁੰਮ ਅਤੇ ਲਾਪਤਾ ਵਸਤੂਆਂ ਦੇ ਕਾਰਣ ਹਾਨੀ।

(ੲ) ਕੀੜੇ, ਉੱਲੀ, ਪਰਜੀਵੀ ਦੇ ਕਾਰਣ ਜਾਂ ਸੰਬੰਧਿਤ ਸੰਪਤੀ ਦੀ ਸਫਾਈ, ਰੰਗਾਈ, ਮੁਰੰਮਤ ਜਾਂ ਨਵੀਨੀਕ੍ਰਣ ਦੀ ਕੋਈ ਵੀ ਪ੍ਰਕ੍ਰਿਆ ਦੇ ਕਾਰਣ ਹਾਨੀ ਜਾਂ ਨੁਕਸਾਨ।

(ਸ) ਹੱਥ ਘੜੀਆਂ ਅਤੇ ਕੰਧ ਦੀਆਂ ਘੜੀਆਂ ਦੀ ਯੰਤਰਿਕ ਗੜਬੜੀ ਜਾਂ ਓਵਰ ਵਾਈਡਿੰਗ ਦੇ ਕਾਰਣ ਹੋਇਆ ਨੁਕਸਾਨ ਜਾਂ ਹਾਨੀ।

(ਹ) ਕਾਰ ਚੋਂ ਚੋਰੀ, ਕੇਵਲ ਉਹਨਾ ਕਾਰਾਂ ਨੂੰ ਛੱਡ ਕੇ ਜਿੰਨਾ ਨੂੰ ਪਹਿਲਾਂ : ਸੈਲੂਨ ਪਹਿਲਾਂ ਸੈਲੂਨ ਪ੍ਰਕਾਰ ਦੇ ਸਾਰੇ ਦਰਵਾਜੇ, ਖਿੜਕੀਆਂ ਅਤੇ ਹੋਰ ਪ੍ਰਕਾਰ ਦੇ ਸਾਰੇ ਦਰਵਾਜੇ, ਖਿੜਕੀਆਂ ਅਤੇ ਹੋਰ ਪ੍ਰਵੇਸ਼ ਸੁਰੱਖਿਅਤ ਤਰੀਕੇ ਨਾਲ ਬੰਦ ਹੋਣ ਜਾਂ ਉੱਚਿਤ ਰੂਪ ਨਾਲ ਬੰਨੇ ਹੋਏ ਹੋਣ।

(ਕ) ਮਾਲ ਸੰਵਿਦਾ ਇਕਰਾਰ ਦੇ ਅਦੀਨ ਕਿਸੇ ਵੀ ਵਾਹਕ ਦੁਆਰਾ ਪਹੁੰਚਾਏ ਜਾਣ ਦੇ ਦੌਰਾਨ ਹਾਨੀ ਜਾਂ ਨੁਕਸਾਨ।

ਇਸ ਖੰਡ ਦੇ ਅਧੀਨ ਵਾਧੂ (ਅਕਸੈਸ) : ਬੀਮਾ ਰਾਸ਼ੀ ਦਾ 1% (ਰੁਪਏ 1000/- ਤੋਂ ਘੱਟ ਦੀ ਵਸਤੂ ਨੂੰ ਜੋਖਿਮ ਪ੍ਰਤੀ ਸੁੱਰਖਿਅਤ ਪ੍ਰਦਾਨ ਨਹੀਂ ਕੀਤੀ ਜਾਵੇਗੀ)

ਖੰਡ- IV : ਘਰੇਲੂ ਉਪਕਰਣਾਂ ਦੀ ਟੁੱਟ ਭੱਜ

ਅਜਿਹੇ ਉਪਕਰਣਾਂ ਦੀ ਵਿਸਥਾਰ ਪੂਰਵਕ ਜਾਣਕਾਰੀ ਮੇਕ ਅਤੇ ਮਾਡਲ ਤੱਕ ਸੀਮਤ ਰੱਖਦੇ ਹੋਏ ਇੱਕ ਪੰਨੇ ਦੇ ਪ੍ਰਸਤਾਵ ਪੱਤਰ ਤੇ ਹੀ ਦੇਣੀ ਹੋਵੇਗੀ। ਇਸ ਖੰਡ ਦੇ ਅਧੀਨ ਪ੍ਰਸਤਾਵਿਤ ਗੈਜੇਟਸ ਦਾ ਮੁੱਲ ਖੰਡ I ਅਤੇ II ਦੇ ਅਧੀਨ ਅੱਗ ਅਤੇ ਸੇਂਧਮਾਰੀ ਦੇ ਲਈ ਬੀਮਾ ਰਾਸ਼ੀ ਦਾ ਹਿੱਸਾ ਹੋਣਗੇ।

ਇਸ ਖੰਡ ਅਧੀਨ ਨਿਮਨਲਿਖਿਤ ਦੇ ਸੰਬੰਧ ਵਿੱਚ ਬੀਮੇ ਦਾ ਭੁਗਤਾਨ ਨਹੀਂ ਮਿਲਦਾ:-

(ੳ) ਆਪਣੇ ਦੁਆਰਾ ਜਾਣਬੁੱਝ ਕੇ ਕੀਤੀ ਗਈ ਅਣਗਹਿਲੀ ਕਾਰਣ ਉਤਪੰਨ ਹੋਇਆ ਨੁਕਸਾਨ ਜਾਂ ਹਾਨੀ।

(ਅ) ਇਸ ਬੀਮਾ ਦੇ ਆਰੰਭ ਹੋਣ ਤੋਂ ਪਹਿਲਾਂ ਦੇ ਮੌਜੂਦਾ ਦੋਸ਼ਾਂ ਜਿੰਨਾਂ ਬਾਰੇ ਤੁਹਾਨੂੰ ਪਹਿਲਾਂ ਪਤਾ ਸੀ, ਦੇ ਕਾਰਣ ਹਾਨੀ ਜਾਂ ਨੁਕਸਾਨ।

(ੲ) ਅਜਿਹਾ ਹਾਨੀ ਜਾਂ ਨੁਕਸਾਨ ਜਿਸਦੇ ਲਈ ਸੰਪਤੀ ਦਾ ਨਿਰਮਾਤਾ ਜਾਂ ਸਪਲਾਈ ਕਰਤਾ ਸਮਝੌਤੇ ਅਧੀਨ ਜਿੰਮੇਵਾਰ ਹੋਵੇ।

(ਸ) ਕਿਸੇ ਵੀ ਹਾਨੀ ਦੇ ਕਾਰਣ ਬੀਮਤ ਸੰਪਤੀ ਨੂੰ ਮੁਰੰਮਤ ਕਰਤਾ ਦੀ ਦੁਕਾਨ ਤੱਕ ਲੈ ਜਾਣ ਅਤੇ ਵਾਪਿਸ ਬੀਮਾ ਧਾਰਕ ਦੇ ਪਰਿਸਰ ਤੱਕ ਲਿਆਉਣ ਹਿੱਤ ਆਵਾਜਾਈ ਦੇ ਖਰਚੇ।

(ਹ) ਕਿਸੇ ਵੀ ਬੀਮਿਤ ਸੰਪਤੀ ਦੀ ਅਜਿਹੀ ਆਫਤ ਦੁਆਰਾ ਹਾਨੀ ਜਾਂ ਨੁਕਸਾਨ ਜੋ ਕਿ ਇਸ ਪਾਲਸੀ ਦੇ ਹੋਰ ਖੰਡਾਂ ਦੇ ਅਧੀਨ ਬੀਮਾ ਯੋਗ ਹੋਵੇ।

ਉਕਤ ਸੰਪਤੀ ਦੇ ਕਿਸੇ ਕਾਨੂੰਨ ਦੁਆਰਾ ਗਠਿਤ ਅਧਿਕਾਰੀ ਦੁਆਰਾ ਸਥਾਈ ਰੂਪ ਨਾਲ ਜਬਤ, ਕਬਜਾ ਜਾਂ ਮੰਗੇ ਜਾਣ ਦੇ ਕਾਰਣ , ਬੇਦਖਲੀ ਹੋਣ ਦੇ ਕਾਰਣ ਕਿਸੇ ਬੀਮਿਤ ਸੰਪਤੀ ਦੀ ਹਾਨੀ ਜਾਂ ਨੁਕਸਾਨ ਜਾਂ ਬੀਮਾਧਾਰਕ ਦੁਆਰਾ ਭਵਨ ਦਾ ਗੈਰ ਕਾਨੂੰਨੀ ਵਪਾਰਕ ਹਿੱਤ ਪ੍ਰਯੋਗ ਕਰਣ ਦੇ ਕਾਰਣ ਸਥਾਈ ਜਾਂ ਅਸਥਾਈ ਰੂਪ ਨਾਲ ਬੇਦਖਲੀ।

ਇਸ ਖੰਡ ਦੇ ਅਧੀਨ ਅਕਸੈਸ : ਬੀਮਾ ਰਾਸ਼ੀ ਦਾ 1% ਅਤੇ ਰੁਪਏ 1000/- ਨਾਲੋਂ ਘੱਟ ਦੀ ਵਸਤੂ ਨੂੰ ਜੋਖਿਮ ਪ੍ਰਤੀ ਸੁਰੱਖਿਆ ਪ੍ਰਦਾਨ ਨਹੀਂ ਕੀਤੀ ਜਾਵੇਗੀ।

ਖੰਡ-V : ਟੈਲੀਵੀਜਨ/ ਡੈਕਸਟਾਪ/ ਕੰਪਿਊਟਰ ਬੀਮਾ

ਇਹ ਖੰਡ ਪਰਿਸਰ ਵਿੱਚ ਸਥਿਤ ਟੈਲੀਵਿਜਨ ਜਾਂ ਡੈਕਸਟਾਪ ਨੂੰ ਜੋਖਿਮ ਪ੍ਰਤੀ ਸੁੱਰਿਖਆ ਪ੍ਰਦਾਨ ਕਰਦਾ ਹੈ।ਇਸਦੇ ਅਧੀਨ ਅੱਗ, ਭੂਚਾਲ, ਸੇਂਧ ਲਾਉਣ ਜਾਂ ਘਰ ਨੂੰ ਪਾੜ ਲਾਉਣ , ਬਿਜਲੀ ਜਾਂ ਯੰਤਰਿਕ ਖਰਾਬੀ ਦੇ ਲਈ ਸੁਰੱਖਿਆ ਉਪਲੱਬਧ ਹੈ।

ਇਸ ਖੰਡ ਦੇ ਅਧੀਨ ਨਿਮਨਲਿਖਿਤ ਦੇ ਸੰਬੰਧ ਵਿੱਚ ਬੀਮੇ ਦਾ ਭੁਗਤਾਨ ਨਹੀਂ ਮਿਲਦਾ:

(ੳ) ਬਾਹਰੀ ਐਨਟੀਨਾ ਜਾਂ ਫਿਟਿੰਗ ਦੀ ਚੋਰੀ ਦੇ ਕਾਰਣ ਹਾਨੀ ਜਾਂ ਨੁਕਸਾਨ ਜਦੋਂ ਤੱਕ ਕਿ ਟੈਲੀਵਿਜਨ ਉਪਕਰਣ ਜਾਂ ਡੈਕਸਟਾਪ/ ਕੰਪਿਊਟਰ ਚੋਰੀ ਨਾ ਹੋ ਜਾਵੇ।

(ਅ) ਟੈਲੀਵਿਜਨ ਉਪਕਰਣ ਜਾਂ ਡੈਕਸਟਾਪ/ਕੰਪਿਊਟਰ ਦੇ ਸਥਾਪਨ, ਮੁਰੰਮਤ ਜਾਂ ਪੱਟਣ ਦੇ ਕਾਰਣ ਹੋਈ ਹਾਨੀ ਜਾਂ ਨੁਕਸਾਨ।

(ੲ) ਅਜਿਹੀ ਹਾਨੀ ਜਾਂ ਨੁਕਸਾਨ ਜਿਸਦੇ ਲਈ ਟੈਲੀਵਿਜਨ ਉਪਕਰਣ ਜਾਂ ਡੈਕਸਟਾਪ/ ਕੰਪਿਊਟਰ ਦਾ ਨਿਰਮਾਤਾ ਜਾਂ ਸਪਲਾਈ ਕਰਤਾ ਸਮਝੌਤੇ ਦੇ ਅਧੀਨ ਜਿੰਮੇਵਾਰ ਹੋਵੇ।

(ਸ) ਬੀਮਾ ਧਾਰਕ ਦੁਆਰਾ ਇਕਰਾਰਨਾਮੇ ਅਧੀਨ ਚੁੱਕੀ ਗਈ ਦੇਣਦਾਰੀ, ਜਦ ਤੱਕ ਕਿ ਉਕਤ ਇਕਰਾਰਨਾਮਾ ਨਾ ਹੋਣ ਤੇ ਬੀਮਾ ਧਾਰਕ ਨੂੰ ਪ੍ਰਭਾਵਿਤ ਕਰ ਸਕਦੇ ਸੀ।

ਇਸ ਖੰਡ ਦੈ ਅਧੀਨ ਅਕਸੈਸ : ਬੀਮਾ ਰਾਸ਼ੀ ਦਾ 1%

ਇਹ ਖੰਡ ਵਿਕਲਪਿਕ ਹੈ ਅਤੇ ਨਿਵਾਸ ਪਰਿਸਰ ਜਿਸ ਵਿੱਚ ਓਪਰੋਕਤ ਦੱਸੀਆਂ ਗਈ ਵਸਤੂਆਂ ਰੱਖਆਂ ਜਾਂ ਸਥਾਪਿਤ ਕੀਤੀਆਂ ਗਈਆਂ ਹੋਣ , ਦੀ ਭੂਚਾਲ ਅਤੇ ਅੱਤਵਾਦ ਸਹਿਤ ਅੱਗ ਅਤੇ ਸੰਬੰਧਿਤ ਆਫਤਾਂ ਦੇ ਪ੍ਰਤੀ ਸੁੱਰਖਿਆ ਪ੍ਰਦਾਨ ਕੀਤੀ ਹਈ ਹੈ। ਇਸ ਦੇ ਅਧੀਨ ਪ੍ਰਸਤਾਵਕ ਨੂੰ ਪੂਰਣ ਬੀਮਾ ਮੁੱਲ ਘੋਸ਼ਿਤ ਕਰਨਾ ਹੁੰਦਾ ਹੈ। ਔਸਤ ਅਤੇ ਨਿਊਨਤਮ ਬੀਮਾ ਦੀਆਂ ਸ਼ਰਤਾਂ ਲਾਗੂ ਹਨ।

ਅਕਸੈਸ : ਦਾਅਵਾ ਰਾਸ਼ੀ ਦਾ 5%, ਕੇਵਲ ਦੈਵੀ ਪ੍ਰਕੋਪ ਹਿੱਤ ਨਿਊਨਤਮ ਰੁਪਏ 10000/- ਹੋਵੇਗਾ।

(Note:-For Legal Purposes English Version of Policy Holds Good)